# PC–10558/N

**M–52/2110**

ਪੰਜਾਬੀ ਲਾਜ਼ਮੀ–212

(Semester–III)

(Syllabus December, 2019)

Time : Three Hours] [Maximum Marks : 75

## ਭਾਗ-ੳ

I. 'ਕਥਾਵਾਰਤਾ' ਕਹਾਣੀ ਸੰਗ੍ਰਹਿ ਵਿਚੋਂ ਕਿਸੇ *ਇਕ* ਕਹਾਣੀ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿਚ ਲਿਖੋ :

(ੳ) ਕਸਤੂਰੀ

(ਅ) ਸੁੱਚਾ ਤਿੱਲਾ

(ੲ) ਘਰ। 12

II. ਨਿਮਨ-ਲਿਖਤ ਪਾਤਰਾਂ ਵਿਚੋਂ ਕਿਸੇ *ਇਕ* ਪਾਤਰ ਦਾ ਪਾਤਰ ਚਿਤਰਨ ਕਰੋ :

(ੳ) ਆਲਾ ਸਿੰਘ

(ਅ) ਨਵਪ੍ਰੀਤ

(ੲ) ਤਾਈ। 12

## ਭਾਗ–ਅ

III. ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਨਾਲ ਹੀ ਢੁਕਵਾਂ ਸਿਰਲੇਖ ਵੀ ਦਿਓ :

ਬਿਨਾ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀਂ ਹੋ ਸਕਦਾ। ਇਹ ਭੇਦ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿਚ ਸਦਾ ਸਾੜੇ ਤੇ ਈਰਖਾ ਦੀ ਅੱਗ ਬਲਦੀ ਰਹੇ, ਸਦਾ ਵੈਰ ਵਿਰੋਧ ਅਤੇ ਕਰੋਧ ਦਾ ਭਾਂਬੜ ਮੱਚਿਆ ਰਵੇ ਉਹ ਸਰੀਰ ਕਿਸੇ ਤਰ੍ਹਾਂ ਅਰੋਗ ਰਹਿ ਸਕਦਾ ਹੈ? ਹੁਣ ਤਾਂ ਪੱਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਹਨ ਕਿ ਜੇਕਰ ਬਿਮਾਰ ਨੂੰ ਖੁਸ਼ ਰੱਖਿਆ ਜਾਵੇ ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ। ਇਕ ਮਹਾਤਮਾ ਨੇ ਕਿਹਾ ਹੈ ਕਿ ਚਿੰਤਾ ਚਿਤਾ ਦੇ ਸਮਾਨ ਹੈ ਸਮੇਂ ਉਨਤੋਂ ਵੀ ਵਧੀਕ ਹੈ। ਚਿਤਾ ਤਾਂ ਇਕੋ ਦਿਨ ਸਾੜ੍ਹ ਕੇ ਸਰੀਰ ਨੂੰ ਸਵਾਹ ਕਰ ਦਿੰਦੀ ਹੈ ਪਰ ਚਿੰਤਾ ਹਮੇਸ਼ਾ ਸਾੜਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਰੱਬ ਦੇ ਰਾਹ ਪੁਰ ਤੁਰ ਪੈਂਦਾ ਹੈ ਉਸ ਦੀ ਚਿੰਤਾ ਮੁੱਕ ਜਾਂਦੀ ਹੈ ਅਤੇ ਅਹੰਕਾਰ ਮਿੱਟ ਜਾਂਦਾ ਹੈ। 9

IV. ਉਪਵਾਕ ਕੀ ਹੁੰਦਾ ਹੈ? ਇਸ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦਾ ਵਾਕ ਵਿਚ ਕਾਰਜ ਤੇ ਸਥਾਨ ਨਿਸ਼ਚਿਤ ਕਰੋ।

*ਜਾਂ*

ਵਾਕ ਕੀ ਹੁੰਦਾ ਹੈ? ਰੂਪ ਅਤੇ ਕਾਰਜ ਦੇ ਆਧਾਰ ਤੇ ਪਰਿਭਾਸ਼ਿਤ ਕਰੋ। 12

## ਭਾਗ-ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. 'ਘਰ' ਕਹਾਣੀ ਦੇ ਪਾਤਰਾਂ ਦੇ ਨਾਂ ਲਿਖੋ।
2. ਅਜੋਕੇ ਮਨੁੱਖ ਵਿਚ ਘਟਦੀ ਪਰਿਵਾਰਕ ਰਿਸ਼ਤਿਆਂ ਦੀ ਸਾਂਝ ਬਾਰੇ 'ਸੱਬਬ' ਕਹਾਣੀ ਦੇ ਪ੍ਰਸੰਗ ਵਿਚ ਚਰਚਾ ਕਰੋ।
3. 'ਉਜਾੜ' ਕਹਾਣੀ ਤੋਂ ਉਹਾਨੂੰ ਕੀ ਪ੍ਰੇਰਨਾ ਮਿਲਦੀ ਹੈ?
4. 'ਕਥਾਵਾਰਤਾ' ਕਹਾਣੀ ਸੰਗ੍ਰਹਿ ਦੀ ਭੂਮਿਕਾ ਕਿਸ ਨੇ ਲਿਖੀ ਹੈ?
5. 'ਲੰਘਦਿਆਂ-ਵੜਦਿਆਂ' ਕਹਾਣੀ ਦੀ 'ਮੈਂ' ਪਾਤਰ ਦਾ ਢੱਕਿਆ ਚਿਹਰਾ ਕਿਸ ਦਾ ਪ੍ਰਤੀਕ ਹੈ?
6. ਅਜਾਇਬ ਨੂੰ ਨੀਂਦ ਨਾ ਆਉਣ ਦਾ ਕੀ ਕਾਰਨ ਸੀ?

7. ਕੋਰਟ ਵਿਚ ਸੁਰੀਤ ਦੀ ਮੁਲਾਕਾਤ ਅਚਾਨਕ ਕਿਸ ਨਾਲ ਹੋ ਗਈ ਸੀ?

8. ਕਰਮ ਸਿੰਘ ਨੇ ਬਾਪੂ ਦੇ ਸੰਸਕਾਰ ਲਈ ਪਿੰਡ ਜਾਣ ਦਾ ਫੈਸਲਾ ਕਿਉਂ ਕੀਤਾ?

9. ਕਿਰਿਆ ਵਾਕੰਸ਼ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

10. ਉਪਵਾਕ ਤੇ ਵਾਕੰਸ਼ ਦਾ ਕੀ ਫ਼ਰਕ ਹੈ?

11. ਇਕ ਮਿਸ਼ਰਤ ਵਾਕ ਲਿਖੋ।

12. 'ਅਣਵਿਆਹਿਆ' ਸ਼ਬਦ ਦਾ ਧਾਤੂ ਤੇ ਵਧੇਤਰ ਵੱਖ ਕਰਕੇ ਲਿਖੋ।

13. ਸੰਬੰਧਕ ਤੇ ਯੋਜਕ ਵਿਚ ਕੀ ਅੰਤਰ ਹੈ?

14. ਮੂਕ ਵਿਆਕਰਣਿਕ ਇਕਾਈਆਂ ਤੋਂ ਕੀ ਭਾਵ ਹੈ?

15. ਬਣਤਰ ਦੇ ਅਧਾਰ ਤੇ ਵਾਕ ਦੀਆਂ ਕਿੰਨੀਆਂ ਕਿਸਮਾਂ ਹਨ? 15×2=30